# ਕਬਿ ਕਲ ਸੁਜਸੁ ਗਾਵਉ ਗੁਰ ਨਾਨਕ-੨

ਪਿਛਲਾ ਅੰਕ ਜੋੜ ਕੇ ਪੜ੍ਹੋ ਜੀ। ਇਹ, 'ਸਵਈਏ ਮਹਲੇ ਪਹਿਲੇ ਕੇ' ਬਾਣੀ ਵਿਚ ਅਗਲੇ, ਚੌਥੇ ਸਵਈਏ ਦੀ ਵਿਆਖਿਆ ਹੈ:

**ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ॥**

-- ਕਪਿਲ, ਜੋ ਸਾਂਖਯ ਸ਼ਾਸਤਰ ਦਾ ਕਰਤਾ ਸੀ, ਵਰਗੇ ਰਿਖੀ, ਜੋ ਬਹੁਤ ਪੁਰਾਤਨ ਜੋਗੀਆਂ ਵਿਚ ਸਿਰਮੌਰ ਜਾਣਿਆ ਜਾਂਦਾ ਸੀ, ਉਹ ਵੀ ਸਾਰੇ, ਬੇਅੰਤ ਸੁਆਮੀ, ਸ੍ਰੇਸ਼ਟ ਅਵਤਾਰ ਗੁਰੂ ਨਾਨਕ ਦੇ ਗੁਣ ਗਾਉਂਦੇ ਹਨ।

**ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰ ਰਘੁ ਤੇਜੁ ਹਰਿਓ॥**

-- ਜਮਦਗਨ ਰਿਖੀ ਦਾ ਪੁਤਰ ਪਰਸਰਾਮ ਵੀ ਗੁਰੂ ਨਾਨਕ ਦੇ ਗੁਣ ਗਾ ਰਿਹਾ ਹੈ, ਉਹ ਪਰਸਰਾਮ, ਜਿਸ ਵਲੋਂ ਅਤੀ ਕ੍ਰੋਧੀ ਹੋਣ ਤੇ, ਰਘੂ ਕੁਲ ਸ਼੍ਰੋਮਣੀ, ਸ੍ਰੀ ਰਾਮ ਚੰਦਰ ਨੇ ਉਸ ਦੇ ਹਥ ਦਾ ਸ਼ਸਤਰ, ਕੁਹਾੜਾ ਅਤੇ ਪਰਸਰਾਮ ਦਾ ਤੇਜ, ਦੋਵੇਂ ਖੋਹ ਲਏ ਸਨ। ਸ੍ਰੀ ਰਾਮ ਚੰਦਰ ਜੀ ਨੂੰ ਬ੍ਰਹਮ ਸਰੂਪ ਜਾਣਨ ਤੇ, ਉਨ੍ਹਾਂ ਦੀ ਵਡਿਆਈ ਦੀ ਸਮਝ ਆਉਣ ਤੇ, ਨਮਸਕਾਰ ਕੀਤੀ ਅਤੇ ਮਾਫ਼ੀ ਮੰਗੀ।

ਸੀਤਾ ਦੇ ਸਵਯੰਵਰ ਤੇ ਜਦੋਂ ਸ੍ਰੀ ਰਾਮ ਚੰਦਰ ਜੀ ਨੇ ਸ਼ਿਵ ਧਨੁਖ ਤੋੜਿਆ ਤਾਂ ਇਹ ਬਹੁਤ ਕ੍ਰੋਧੀ ਹੋਇਆ ਅਤੇ ਕ੍ਰੋਧ ਭਰੇ ਹੰਕਾਰ ਵਿਚ, ਸ੍ਰੀ ਰਾਮ ਚੰਦਰ ਜੀ ਦੀ ਬੇਅਦਬੀ ਕਰੀ ਗਿਆ, ਉਨ੍ਹਾਂ ਦਾ ਬ੍ਰਹਮ ਸਰੂਪ ਨਾ ਪਛਾਣ ਸਕਿਆ। ਅਖੀਰ, ਜਦੋਂ ਨਾ ਹਟਿਆ ਤਾਂ ਆਪਣਾ ਸ਼ਸਤਰ ਅਤੇ ਤੇਜ, ਦੋਵੇਂ ਗੁਆ ਬੈਠਾ।

**ਉਧੌ ਅਕ੍ਰੂਰ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ॥**

-- ਊਧਵ, ਅਕ੍ਰੂਰ ਅਤੇ ਬਿਦਰ ਵੀ, ਗੁਰੂ ਨਾਨਕ ਦੇ ਉਸ ਵਕਤ ਦੇ ਸਰੂਪ ਦੇ ਗੁਣਾਂ ਦਾ ਗਾਨ ਕਰਦੇ, ਸਿਮਰਣ ਕਰਦੇ ਰਹੇ। ਇਨ੍ਹਾਂ ਨੇ ਆਤਮਾ ਅੰਦਰ, ਬ੍ਰਹਮ ਸਰੂਪ ਗੁਰੂ ਨਾਨਕ ਨੂੰ, ਉਦੋਂ ਪਛਾਣਿਆ ਸੀ।

ਊਧਵ, ਸ੍ਰੀ ਕ੍ਰਿਸ਼ਨ ਜੀ ਦੇ ਚਾਚੇ ਦਾ ਪੁਤਰ ਸੀ। ਇਹ ਗਿਆਨਵਾਨ ਸੀ ਪਰ ਇਹ ਗਿਆਨ ਨੂੰ ਪ੍ਰੇਮ ਤੋਂ ਉਪਰ ਸਮਝਦਾ ਸੀ ਅਤੇ ਗੁਆਲਣਾਂ/ਗੋਪੀਆਂ ਦੇ, ਸ੍ਰੀ ਕ੍ਰਿਸ਼ਨ ਜੀ ਪ੍ਰਤੀ ਪ੍ਰੇਮ ਨੂੰ ਸਰੀਰਕ ਖਿਚ ਮਾਤਰ ਅਤੇ ਮੋਹ ਜਾਲ ਸਮਝਦਾ

ਸੀ। ਸ੍ਰੀ ਕ੍ਰਿਸ਼ਨ ਜੀ ਦਾ, ਗੁਆਲਣਾਂ ਪ੍ਰਤੀ ਸੰਦੇਸ਼ਾ ਲੈ ਕੇ, ਉਨ੍ਹਾਂ ਨੂੰ ਗਿਆਨ ਸਮਝਾਉਣ ਗਿਆ। ਅਗੋਂ, ਗੁਆਲਣਾਂ ਦੇ ਪ੍ਰੇਮ ਦਾ ਸਿਖਰ ਅਤੇ ਉਨ੍ਹਾਂ ਦੀ ਅਤਿਅੰਤ ਉਚੀ ਅਧਿਆਤਮਕ ਅਵਸਥਾ ਦੇਖੀ ਅਤੇ ਹਰ ਇਕ ਨਾਲ, ਸਾਖ਼ਸ਼ਾਤ, ਸ੍ਰੀ ਕ੍ਰਿਸ਼ਨ ਜੀ ਨੂੰ ਵਖਰਾ ਵਖਰਾ ਮੌਜੂਦ ਵੇਖ ਕੇ, ਇਸਦਾ ਗਿਆਨ ਦਾ ਮਾਣ ਫ਼ੁਰਰ ਹੋ ਗਿਆ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਵਿਚ ਬਾਂਵਰਾ, ਮਸਤਾਨਾ ਹੋ ਗਿਆ। ਉਨ੍ਹਾਂ ਗੁਆਲਣਾਂ ਦੇ ਸੁਚੇ ਪ੍ਰੇਮ ਦੀ ਗਾਥਾ, ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ, ਪੰਨਾ ੩੩੮ ਤੇ ਅੰਕਤ ਕੀਤੀ ਹੈ। ਗੁਆਲਣ, ਸ੍ਰੀ ਕ੍ਰਿਸ਼ਨ ਜੀ ਨੂੰ ਸੰਬੋਧਨ ਕਰਦਿਆਂ ਤਰਲਾ ਕਰਦੀ ਹੈ ਕਿ ਮੈਂ ਤਾਂ ਤੇਰਾ ਸਰੂਪ ਦੇਖ ਕੇ ਮੋਹੀ ਗਈ ਹਾਂ, ਹੁਣ ਤੂੰ ਮੈਨੂੰ ਛੱਡ ਕੇ, ਕਿਧਰੇ ਵੀ ਆਈਂ ਜਾਈਂ ਨਾ। ਤੇਰੇ ਚਰਣਾਂ ਨਾਲ ਮੇਰਾ ਮਨ ਲਗ ਗਿਆ ਹੈ, ਤੈਨੂੰ ਉਹ ਮਿਲਦਾ ਹੈ, ਜਿਸ ਦੇ ਵਡੇ ਭਾਗ ਹੋਣ - 'ਉਆ ਕਾ ਸਰੂਪ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ।। ਤੋਹਿ ਚਰਨ ਮਨੁ ਲਾਗਉ ਸਾਰਿੰਗਧਰ।। ਸੋ ਮਿਲੈ ਜੋ ਬਡਭਾਗੋ।।' ਅਗੋਂ ਭਗਤ ਕਬੀਰ ਜੀ ਆਪਣੇ ਲਈ ਵੀ, ਸ੍ਰੀ ਕ੍ਰਿਸ਼ਨ ਜੀ ਨੂੰ ਠਾਕੁਰ ਕਹਿ ਕੇ, ਉਨ੍ਹਾਂ ਤੋਂ ਕਿਰਪਾ ਦੀ ਜਾਚਨਾ ਕੀਤੀ ਹੈ - 'ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ।।'

ਅਕ੍ਰੂਰ, ਸ੍ਰੀ ਕ੍ਰਿਸ਼ਨ ਜੀ ਦਾ ਚਾਚਾ ਸੀ। ਇਹ, ਸ੍ਰੀ ਕ੍ਰਿਸ਼ਨ ਜੀ ਅਤੇ ਉਨ੍ਹਾਂ ਦੇ ਭਰਾ ਬਲਰਾਮ ਨੂੰ, ਕੰਸ ਤੋਂ ਹਰ ਹਾਲ ਬਚਾਉਣਾ ਚਾਹੁੰਦਾ ਸੀ ਅਤੇ ਅਨੇਕਾਂ ਵਿਉਂਤਾਂ ਗੁੰਦਦਾ ਰਿਹਾ। ਪਰ ਰਾਹ ਵਿਚ ਜਦੋਂ ਸ੍ਰੀ ਕ੍ਰਿਸ਼ਨ ਜੀ ਨੇ ਨਿਜ ਸਰੂਪ ਦੇ ਦਰਸ਼ਨ ਕਰਵਾਏ ਤਾਂ ਉਨ੍ਹਾਂ ਦਾ ਭਗਤ ਬਣ ਗਿਆ।

ਬਿਦਰ, ਦਾਸੀ ਦਾ ਅਤੇ ਰਿਖੀ ਵਿਆਸ ਜੀ ਦਾ ਪੁਤਰ ਸੀ ਅਤੇ ਕੁਰੂ ਰਾਜਾ ਧ੍ਰਿਤਰਾਸ਼ਟਰ ਦਾ ਮਤਰੇਆ ਭਰਾ ਲਗਦਾ ਸੀ। ਉਸੇ ਦਾ, ਇਹ ਪ੍ਰਧਾਨ ਮੰਤਰੀ ਵੀ ਸੀ। ਇਹ ਸ੍ਰੀ ਕ੍ਰਿਸ਼ਨ ਜੀ ਦਾ ਭਗਤ ਸੀ। ਭਗਵਾਨ ਜੀ, ਦੁਰਜੋਧਨ ਦੇ ਮਹਿਲ ਛੱਡ ਕੇ, ਬਿਦਰ ਦੇ ਘਰ ਰਹੇ, ਉਸ ਦਾ ਰਿੰਨ੍ਹਿਆਂ ਹੋਇਆ ਅਲੂਣਾ ਸਾਗ ਖਾਧਾ। ਦੁਰਜੋਧਨ ਔਖਾ ਹੋਇਆ ਪਰ ਭਗਵਾਨ ਜੀ ਨੂੰ ਬਿਦਰ ਦੀ ਭਾਉ ਭਗਤੀ ਪ੍ਰਵਾਨ ਸੀ। ਭਗਤ ਕਬੀਰ ਜੀ ਨੇ, ਪੰਨਾ ੧੧੦੫ ਤੇ, ਇੰਵ ਬ੍ਰਿਤਾਂਤ ਦਿਤਾ ਹੈ ਕਿ ਭਗਵਾਨ ਜੀ ਨੇ ਦੁਰਜੋਧਨ ਨੂੰ ਕਿਹਾ ਕਿ ਹੇ ਰਾਜਨ ! ਤੇਰੇ ਅੰਦਰ ਪ੍ਰੀਤ ਨਹੀਂ, ਇਸ ਕਰ ਕੇ ਸਾਨੂੰ ਤਾਂ ਉਹੀ ਗਰੀਬ ਹੀ ਭਾਉਂਦਾ ਹੈ। ਸਾਨੂੰ ਤਾਂ ਉਸਦਾ ਸਾਗ ਹੀ ਖੀਰ ਸਮਾਨ ਹੈ। ਅਗੋਂ ਭਗਤ ਜੀ ਦੇ ਬਚਨ ਹਨ

ਕਿ ਕਬੀਰ ਦੇ ਸੁਆਮੀ, ਸ੍ਰੀ ਕ੍ਰਿਸ਼ਨ ਜੀ ਆਪਣੀ ਮੌਜ ਦੇ ਮਾਲਕ ਹਨ, ਉਨ੍ਹਾਂ ਨੇ ਕਿਸੇ ਦੀ ਨੀਵੀਂ ਜਾਤ ਨੂੰ ਨਹੀਂ ਮੰਨਿਆ - 'ਰਾਜਨ ਕਉਨੁ ਤੁਮਾਰੈ ਆਵੈ।। ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ।।..ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ।। ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ।।' ਦੁਰਜੋਧਨ ਨੂੰ ਭਗਵਾਨ ਜੀ ਦਾ ਦਿਤਾ ਜੁਆਬ, ਭਾਈ ਗੁਰਦਾਸ ਜੀ ਨੇ ਬੜੇ ਸ਼ਰਧਾ ਨਾਲ, ਬਹੁਤ ਸੁੰਦਰ ਸ਼ਬਦਾਂ ਵਿਚ ਦਸਿਆ ਹੈ। ਉਨ੍ਹਾਂ ਦੁਰਜੋਧਨ ਨੂੰ ਕਿਹਾ ਕਿ ਤੇਰੇ ਅੰਦਰ ਸਾਡੇ ਲਈ ਸ਼ਰਧਾ ਨਹੀਂ ਹੈ ਅਤੇ ਸਾਨੂੰ ਕੋਈ ਬਿਪਤਾ ਨਹੀਂ ਪਈ ਕਿ ਤੇਰੀ ਲੋੜ ਪਵੇ। ਜਿਹੜਾ ਪ੍ਰੇਮ ਚਾਉ ਮਲਾਰ ਬਿਦਰ ਦੇ ਅੰਦਰ ਹੈ, ਉਸਦਾ ਰੱਤਾ ਜਿੰਨਾ ਵੀ, ਤੁਹਾਡੇ ਵਿਚੋਂ ਹੋਰ ਕਿਸੇ ਦੇ ਮਨ ਵਿਚ ਨਹੀਂ। ਸਿੱਟਾ ਕਢਿਆ ਹੈ ਕਿ ਗੋਬਿੰਦ ਤਾਂ ਭਾਉ ਅਤੇ ਭਗਤੀ ਦਾ ਹੀ ਭੁਖਾ ਹੁੰਦਾ ਹੈ - 'ਹਸਿ ਬੋਲੇ **ਭਗਵਾਨ ਜੀ** ਸੁਣਿਹੋ ਰਾਜਾ ਹੋਇ ਸਨਮੁਖਾ।। ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।। ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।। ਗੋਬਿੰਦ ਭਾਉ ਭਗਤਿ ਦਾ ਭੁਖਾ।।', ਵਾਰ ੧੦:੭. ਬਿਦਰ ਦੀ ਕ੍ਰਿਸ਼ਨ ਭਗਤੀ ਅਤੇ ਉਸ ਤੋਂ ਹੋਏ ਉਧਾਰ ਬਾਰੇ ਗੁਰਬਾਣੀ ਵਿਚ ਬਹੁਤ ਥਾਈਂ ਫ਼ੁਰਮਾਣ ਆਏ ਹਨ।

ਇਸ ਤਰ੍ਹਾਂ ਇਹ, ਊਧਵ, ਅਕ੍ਰੂਰ ਅਤੇ ਬਿਦਰ, ਗੁਰ-ਜੋਤਿ ਸਰੂਪ, ਸ੍ਰੀ ਗੁਰੂ ਨਾਨਕ ਸਾਹਿਬ ਦੇ ਗੁਣਾਂ ਦਾ ਜਾਪ ਜਪਦੇ ਹਨ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ।।੪।।**

-- ਕਵੀ ਕਲ, ਉਸ ਗੁਰੂ ਨਾਨਕ ਦਾ ਸੋਹਣਾ ਜਸ ਗਾਇਨ ਕਰਦਾ ਹੈ, ਸਿਮਰਦਾ ਹੈ, ਜਿਸ ਨੇ ਰਾਜ ਜੋਗ ਮਾਣਿਆ ਹੈ, ਜਿਸ ਕੋਲ ਸਾਰੀ ਕਾਇਨਾਤ ਦਾ ਰਾਜ ਹੈ ਅਤੇ ਉਸ ਨੇ ਪ੍ਰਭੂ ਨਾਲ ਜੋਗ ਕੀਤਾ ਹੋਇਆ ਹੈ, ਇਕ ਰੂਪ ਹੈ।੪।



7.10.2020